
# ਘੇਘੇ ਰਾਮ ਭਜਨੀ




ਸਾਰ :→ ਘੇਘੇ ਰਾਮ ਭਜਨੀ ਈਸ਼ਵਰ ਨੰਦਾ ਵੱਲੋਂ ਲਿਖੀ ਹੋਈ ਹੈ। ਇਸ ਵਿੱਚ ਮੁੱਖ ਪਾਤਰ ਘੇਘੇ ਰਾਮ ਭਜਨੀ ਹੈ।

* **ਜਾਣ ਪਛਾਣ (ਘੇਘੇ ਰਾਮ ਭਜਨੀ)** :→ ਘੇਘੇ ਰਾਮ ਭਜਨੀ ਇਕਾਂਗੀ ਦੀ ਮੁੱਖ ਪਾਤਰ ਹੈ। ਉਸ ਦਾ ਇੱਕੋ ਇਕ ਪੁੱਤਰ ਨਿੱਕੀ ਉਮਰ ਵਿੱਚ ਹੀ ਮਰ ਗਿਆ ਸੀ ਅਤੇ ਉਸ ਦਾ ਪਤੀ ਸ਼ਰਾਬੀ ਅਤੇ ਜੁਆਰੀਆ ਸੀ। ਇਸ ਕਾਰਨ ਉਸ ਦੇ ਮਨ ਵਿੱਚ ਭਗਤੀ ਭਾਵ ਪੈਦਾ ਹੋ ਜਾਂਦਾ ਹੈ। ਉਹ ਦੁਨਿਆ ਤੋਂ ਬਹੁਤ ਨਿਰਾਸ਼ ਹੁੰਦੀ ਹੈ। ਉਹ ਆਪਣੇ ਸਾਹਮਣੇ ਕੁਝ ਮੂਰਤੀਆਂ ਰੱਖ ਕੇ ਪੂਜਾ ਕਰਨ ਬੈਠ ਜਾਂਦੀ ਹੈ।

* **ਗੁਆਂਢਣ ਤੇ ਰਾਮ ਭਜਨੀ ਦੀ ਆਪਸੀ ਗਲਬਾਤ** :→ ਉਸ ਦੀ ਗੁਆਂਢਣ ਪਰੇਸੋ ਉਸ ਕੋਲ ਆਉਂਦੀ ਹੈ। ਰਾਮ ਭਜਨੀ ਉਸ ਨੂੰ ਕਹਿੰਦੀ ਹੈ ਕਿ ਉਸ ਨੇ ਦੁਨੀਆਂ ਛੱਡ ਕੇ ਤੀਰਥਾਂ ਤੇ ਜਾਣ ਦਾ ਫੈਸਲਾ ਕੀਤਾ ਹੈ।

ਅਤੇ ਉਸ ਕੋਲ ਜੋ ਕੁਝ ਵੀ ਹੈ ਉਹ ਸਭ ਦਾਨ ਕਰ ਦੇਵੇਂਗੀ। ਕਿਉਂਕਿ ਉਸ ਦਾ ਪਤੀ ਜੂਆ ਜਾ ਸ਼ਰਾਬ ਤੇ ਹੀ ਸਭ ਕੁਝ ਗੁਆ ਦੇਵੇਗਾ। ਇਸ ਲਈ ਉਹ ਦਾਨ ਕਰ ਕੇ ਆਪਣਾ ਜੀਵਨ ਸਫ਼ਲ ਕਰਨਾ ਚਾਹੁੰਦੀ ਹੈ। ਗੁਆਂਢਣ ਉਸ ਦੀ ਗੱਲ ਵਿੱਚ ਹਾਂ ਮਿਲਾਉਂਦੀ ਹੈ ਤੇ ਉਸ ਨੂੰ ਦੇਰੀ ਨਾ ਕਰਨ ਲਈ ਕਹਿੰਦੀ ਹੈ। ਰਾਮ ਭਜਨੀ ਉਸ ਨੂੰ ਸੰਕਲਪ ਕਰਨ ਲਈ ਪਾਂਧੇ ਨੂੰ ਬੁਲਾਉਣ ਲਈ ਕਹਿੰਦੀ ਹੈ। ਫਿਰ ਗੁਆਂਢਣ ਜਾ ਕੇ ਇੱਕ ਸਾਧੂ ਨੂੰ ਭੇਜਦੀ ਹੈ।

* **ਸਾਧੂ ਦਾ ਘਰ ਆਉਣਾ :→** ਇੱਕ ਸਾਧੂ ਰਾਮ ਭਜਨੀ ਦੇ ਘਰ ਆਉਂਦਾ ਹੈ। ਉਸ ਨੂੰ ਪਰੇਮੋ ਨੇ ਭੇਜਿਆ ਹੁੰਦਾ ਹੈ। ਰਾਮ ਭਜਨੀ ਭਜਨੀ ਉਸ ਨੂੰ ਦੱਸਦੀ ਹੈ ਕਿ ਉਸ ਨੇ ਦੁਨਿਆ ਛੱਡ ਕੇ ਦਾਨ ਪੁੰਨ ਕਰਨਾ ਚਾਹੁੰਦੀ ਹੈ। ਉਹ ਸਾਧੂ ਨੂੰ ਪੁੱਛਦੀ ਹੈ ਉਸ ਦੀ ਕੀ ਸੇਵਾ ਕਰੇ। ਸਾਧੂ ਥੋੜ੍ਹਾ ਲਾਲਚੀ ਸੁਭਾਅ ਦਾ ਹੁੰਦਾ ਹੈ।

* **ਸਾਧੂ ਨੂੰ ਰਾਮ ਭਜਨੀ ਦੁਆਰਾ ਦਾਨ ਦੇਣਾ :→** ਸਾਧੂ ਰਾਮ ਭਜਨੀ ਕੋਲੋਂ ਦੁਸ਼ਾਲਾ ਮੰਗਦਾ ਹੈ। ਦੁਸ਼ਾਲਾ ਰਾਮ ਭਜਨੀ ਦੇ ਪਤੀ ਦਾ ਹੁੰਦਾ ਹੈ। ਇਸ ਲਈ ਉਹ ਸੋਚਣ ਲੱਗ ਜਾਂਦੀ ਹੈ। ਪਰ ਸਾਧੂ ਦੇ ਇਹ ਕਹਿਣ ਨਾਲ ਕੀ ਦਾਨ ਪੁੰਨ ਕਰਨ ਵੇਲੇ ਸੋਚਣਾ ਨਹੀਂ ਚਾਹੀਦਾ ਉਹ ਦੁਸ਼ਾਲਾ ਸਾਧੂ ਨੂੰ ਦੇ ਦਿੰਦੀ ਹੈ। ਫਿਰ ਉਹ ਸਾਂਸੇ ਸਾਧੂ ਨੂੰ ਕੁਝ ਹੋਰ ਮੰਗਣ ਨੂੰ ਕਹਿੰਦੀ ਹੈ। ਫਿਰ ਸਾਧੂ ਇੱਕ ਘਰਤਨ ਮੰਗ ਲੈਂਦਾ ਹੈ। ਰਾਮ ਭਜਨੀ ਇੱਕ ਗੜਵਾ ਲਿਆ ਕੇ ਦੇ ਦਿੰਦੀ ਹੈ। ਕੁਝ ਹੋਰ ਮੰਗਣ ਨੂੰ ਰਾਮ ਭਜਨੀ ਕਹਿੰਦੀ ਹੈ। ਫਿਰ ਸਾਧੂ ਕਹਿੰਦਾ ਹੈ ਕਿ ਉਸ ਦੇ ਮੰਸ ਵਿੱਚ ਸੋਚੀ ਹੋ ਗਈ ਹੈ ਕੋਈ ਸ਼ੁੱਧ ਸੋਨੇ ਦੀ ਚੀਜ਼ ਮਿਲ ਜਾਵੇ। ਰਾਮ ਭਜਨੀ ਸੋਚਾਂ ਵਿੱਚ ਪੈ ਜਾਂਦੀ ਹੈ। ਫਿਰ ਆਪਣੇ ਕੰਨਾ ਤੋਂ ਵਾਲੀਆਂ ਲਾਹ

Serial No. Notes Date

ਦੇ ਦਿੰਦੀ ਹੈ। ਮਾਸੂ ਇਹ ਕਹਿ ਕੇ ਕਿ ਬਹੁਤ ਮਿਲ ਗਿਆ ਉਸ ਨੂੰ ਕੁਝ ਦੇ ਕੇ ਆਪਣੇ ਕੋਲ ਸਦਾ ਰੱਖਣ ਨੂੰ ਕਹਿੰਦਾ ਹੈ। ਮਾਸੂ ਦੇ ਚਲੇ ਜਾਣ ਬਾਅਦ ਦੁਖ ਹੁੰਦਾ ਹੈ ਕਿ ਉਸ ਨੇ ਦੁਸ਼ਾਲਾ, ਵਾਲੀਆਂ, ਗਹਿਣੇ ਕਿਉਂ ਦਿੱਤੇ ਪਰ ਉਹ ਆਪਣੇ ਮਨ ਨੂੰ ਸਮਝਾ ਲੈਂਦੀ ਹੈ।

**ਗੁਆਂਢਣ ਤੇ ਚਾਂਚੇ ਦਾ ਘਰ ਵਿੱਚ ਦਾਖਲ ਹੋਣਾ :→** ਚਾਚਾ ਅਤੇ ਗੁਆਂਢਣ ਰਾਮ ਭਜਨੀ ਦੇ ਘਰ ਆਉਂਦੇ ਹਨ। ਰਾਮ ਭਜਨੀ ਉਹਨਾਂ ਦੇ ਬੈਠਣ ਲਈ ਜ਼ਮੀਨ ਤੇ ਚਿੱਟੀ ਚਾਦਰ ਵਿਛਾ ਦਿੰਦੀ ਹੈ। ਰਾਮ ਭਜਨੀ ਦੀ ਮਸਿਤੀ ਗੁਆਂਢਣ ਚਾਚੇ ਨੂੰ ਦੱਸਦੀ ਹੈ ਕਿ ਉਸ ਦੇ ਛੋਟੇ ਬੱਚੇ ਦਾ ਨਿੱਕੀ ਉਮਰ ਵਿੱਚ ਹੀ ਮਰ ਜਾਣਾ ਤੇ ਪਤੀ ਦਾ ਸ਼ਰਾਬੀ ਤੇ ਜੁਆਰੀ ਹੋਣਾ। ਇਸ ਲਈ ਉਸ ਦਾ ਮਨ ਸੰਸਾਰ ਤੋਂ ਉੱਠ ਜਾਂਦਾ ਹੈ ਤੇ ਉਹ ਦਾਨ ਪੁੰਨ ਕਰਨਾ ਚਾਹੁੰਦੀ। ਗੁਆਂਢਣ ਰਾਮ ਭਜਨੀ ਨੂੰ ਕਹਿੰਦੀ ਹੈ ਕਿ ਲਿਆ ਜੋ ਦੇਣਾ ਹੈ।

**ਚਾਂਚੇ ਦਾ ਸੰਕਲਪ ਕਰਨਾ :→** ਰਾਮ ਭਜਨੀ ਕਹਿੰਦੀ ਹੈ ਏਣ ਨੂੰ ਤੇ ਉਹ ਸਭ ਕੁਝ ਦੇ ਦੇਣ ਪਰ ਮਾਲਕ ਦਾ ਡਰ ਹੈ ਚਾਚੇ ਕਹਿੰਦਾ ਹੈ ਦਾਨ ਪੁੰਨ ਵੇਲੇ ਸੋਚ ਵਿਚਾਰ ਕਰਨਾ ਗਲਤ ਹੈ ਸਭ ਸੂਹ ਵਿੱਚ ਪੈ ਜਾਂਦਾ ਹੈ। ਫਿਰ ਰਾਮ ਭਜਨੀ ਪਤੀ ਦੀ ਪਰਵਾਹ ਨਾ ਕਰਦੀ ਹੋਈ ਗਹਿਣੇ ਦਾ ਸੰਦੂਕ, ਕੱਪੜੇ ਤੇ ਭਾਂਡੇ ਚੁੱਕ ਕੇ ਲਿਆਉਂਦੀ ਹੈ। ਉਹ ਦੋ ਗਾਗ ਚਾਦਰਾਂ, ਗਹਿਣੇ ਦਾ ਡੱਬਾ, ਤੇ ਚਾਦਰਾਂ ਰੇਸ਼ਮੀ ਕੱਪੜੇ ਤੇ ਗਹਿਣੇ ਦਾ ਡੱਬਾ ਚਾਚੇ ਨੂੰ ਦੇ ਦਿੰਦੀ ਹੈ। ਫਿਰ ਚਾਂਚਾ ਸੰਕਲਪ ਕਰਦਾ ਹੈ। ਰਾਮ ਭਜਨੀ ਇੱਕ ਰੇਸ਼ਮੀ ਕੁੜਤਾ ਗੁਆਂਢਣ ਨੂੰ ਉਸ ਦੀ ਨੂੰਹ ਵਾਸਤੇ ਦੇ ਦਿੰਦੀ ਹੈ। ਚਾਂਚੇ ਨੇ ਵਕੀਲ ਦੇ ਘਰ ਜਾਣਾ ਹੁੰਦਾ ਹੈ। ਗੁਆਂਢਣ ਗਾਗਗ ਦੁੱ ਕੇ ਚਾਚੇ ਨੂੰ ਛੱਡਣ ਚਲੀ ਜਾਂਦੀ ਹੈ। ਰਾਮ ਭਜਨੀ ਚੌਕੇ ਉੱਤੇ ਬਾਹ

ਰੁਮਾਲ ਵਿਛਾ ਕੇ ਮੂਰਤੀਆਂ ਨੂੰ ਰੱਖੀ ਲੱਗੀ ਨਾ ਧੋ ਕੇ ਆਰਤੀ ਕਰਨ ਬੈਠ ਜਾਂਦੀ ਹੈ।

*** ਗੁਆਂਢਣ ਦੀ ਨੂੰਹ ਦਾ ਰਾਮ ਭਜਨੀ ਦੇ ਘਰ ਆਉਣਾ :-** ਨੂੰਹ ਰਾਮ ਭਜਨੀ ਨੂੰ ਗੁਆਂਢਣ ਬਾਰੇ ਪੁੱਛਦੀ ਹੈ। ਰਾਮ ਭਜਨੀ ਦੱਸਦੀ ਹੈ ਕਿ ਉਹ ਪਾਪੇ ਨੂੰ ਛੱਡਣ ਗਈ ਹੈ ਆਉਂਦੀ ਹੋਵੇਗੀ। ਪਰ ਛੇਤੀ ਘਰ ਬੁਲਾਉਣ ਦੀ ਗੱਲ ਸੁਣ ਕੇ ਉਹ ਨੂੰਹ ਨੂੰ ਆਪਣੀ ਥਾਂ ਪੂਜਾ ਤੇ ਬਿਠਾ ਕੇ ਖੁਦ ਗੁਆਂਢਣ ਨੂੰ ਲੱਭਣ ਚਲੀ ਜਾਂਦੀ ਹੈ।

**ਦੋ ਜੁਆਰੀਆਂ ਅਤੇ ਸ਼ਾਮ ਦਾਸ ਦਾ ਘਰ ਵਿੱਚ ਪ੍ਰਵੇਸ਼ ਕਰਨਾ :→** ਸ਼ਾਮ ਦਾਸ ਤੇ ਜੁਆਰੀਏ ਘਰ ਆਉਂਦੇ ਹਨ। ਸ਼ਾਮ ਦਾਸ ਕਹਿੰਦਾ ਹੈ ਉਹ ਜਿੰਨੀਆ ਬਾਜ਼ੀਆਂ ਕਹਿਣਗੇ ਉਹ ਲਾਵੇਗਾ, ਮੈਦਾਨ ਛੱਡ ਕੇ ਨਹੀਂ ਜਾਵੇਗਾ। ਗੁਆਂਢਣ ਦੀ ਨੂੰਹ ਘਬਰਾ ਕੇ ਉੱਥੋਂ ਚਲੀ ਜਾਂਦੀ ਹੈ। ਇੱਕ ਜੁਆਰੀਆ ਉਸ ਨੂੰ ਫੜ੍ਹਾ ਮਾਰਨ ਵਾਲਾ ਕਹਿੰਦਾ ਹੈ। ਦੂਜਾ ਜੁਆਰੀਆ ਕਹਿੰਦਾ ਹੈ ਕਿ ਖੇਡਣ ਲਈ ਜਿਗਰਾ ਚਾਹੀਦਾ ਹੁੰਦਾ ਹੈ। ਇਹ ਉਸ ਦੀ ਵੱਸ ਦੀ ਗੱਲ ਨਹੀਂ ਹੈ। ਦੋਵੇਂ ਜੁਆਰੀਏ ਉਸ ਦੀ ਸਾਹਸ ਨੂੰ ਹਲੂਣਾ ਵਧਾਉਂਦੇ ਹਨ। ਸ਼ਾਮ ਦਾਸ ਉਹਨਾ ਦੀਆਂ ਗੱਲਾ ਵਿੱਚ ਫਸ ਜਾਂਦਾ ਹੈ ਤੇ ਖੇਡਣ ਲਈ ਤਿਆਰ ਹੋ ਜਾਂਦਾ ਹੈ। ਫਿਰ ਮਹਿਰ ਸ਼ਰਾਬ ਲੈਣ ਚਲਾ ਜਾਂਦਾ ਹੈ।

*** ਜੁਆਰੀਆਂ ਦਾ ਖੇਡ ਵਿੱਚ ਵਿਉਂਤ ਬਣਾਉਣਾ :→** ਜੁਆਰੀਏ ਸ਼ਾਮ ਦਾਸ ਨੂੰ ਫਸਾਉਣ ਲਈ ਇੱਕ ਵਿਉਂਤ ਬਣਾਉਂਦੇ ਹਨ ਕਿ ਉਹ ਪਹਿਲੀਆਂ ਦੋ-ਤਿੰਨ ਬਾਜ਼ੀਆਂ ਉਸ ਨੂੰ ਹੀ ਜਿੱਤਣ ਦੇਣਗੇ। ਸ਼ਾਮ ਦਾਸ

ਜੁਆਰੀਆਂ ਨੂੰ ਸ਼ਰਾਬ ਪਿਲਾਉਂਦਾ ਹੈ। ਫਿਰ ਪਹਿਲੀ ਬਾਜ਼ੀ ਖੇਡਦੇ ਹਨ ਸ਼ਾਮ ਦਾਸ ਪਹਿਲੀ ਬਾਜ਼ੀ ਵਿੱਚ ਪੰਜੀ ਰੁਪਏ ਲਗਾਉਂਦਾ ਹੈ। ਪਹਿਲੀ ਬਾਜ਼ੀ ਸ਼ਾਮ ਦਾਸ ਜਿੱਤ ਜਾਂਦਾ ਹੈ। ਜੁਆਰੀਏ ਸ਼ਾਮ ਦਾਸ ਦੀ ਝੂਠੀ ਪ੍ਰਸ਼ੰਸਾ ਕਰਦੇ ਹਨ। ਤੇ ਕਹਿੰਦੇ ਹਨ ਕਿ ਹਾਰ ਜਿੱਤ ਤੇ ਸਿਰਫ ਸਮਾਲਾ ਹੈ। ਆਪਣੀ ਪ੍ਰਸ਼ੰਸਾ ਨੂੰ ਸੁਣ ਕੇ ਸ਼ਾਮ ਦਾਸ ਦੂਜੀ ਬਾਜ਼ੀ ਵਿੱਚ ਦੋ ਰਤਨ ਲਗਾਉਂਦਾ ਹੈ। ਉਹ ਦੂਜੀ ਬਾਜ਼ੀ ਵਿੱਚ ਵੀ ਹਾਰ ਜਾਂਦੇ ਹਨ। ਉਹ ਸ਼ਾਮ ਦਾਸ ਦੀ ਕਿਸਮਤ ਦੀ ਪ੍ਰਸ਼ੰਸਾ ਕਰਦੇ ਹਨ। ਸ਼ਾਮ ਦਾਸ ਉਹਨਾਂ ਨੂੰ ਹੋਰ ਸ਼ਰਾਬ ਪਿਲਾਉਂਦਾ ਹੈ। ਫਿਰ ਖੇਡ ਸ਼ੁਰੂ ਹੁੰਦੀ ਹੈ। ਪਹਿਲਾ ਜੁਆਰੀਆਂ ਦੋ ਸੌ ਤੇ ਦੂਜਾ ਦੋ ਸੌ ਤੇ ਇੱਕ ਅੰਗੂਠੀ ਲਗਾਉਂਦਾ ਹੈ। ਸ਼ਾਮ ਦਾਸ ਤਿੰਨ ਸੋਨੇ ਦੀਆਂ ਚੂੜੀਆਂ ਲਗਾਉਂਦਾ ਹੈ। ਦੋਵੇ ਉਸ ਦੀ ਗੱਲ ਤੇ ਵਿਸ਼ਵਾਸ਼ ਨਹੀਂ ਕਰਦੇ। ਸ਼ਾਮ ਦਾਸ ਅੰਦਰੋਂ ਚੂੜੀਆਂ ਲੈਣ ਚਲਾ ਜਾਂਦਾ ਹੈ। ਪਰ ਖਾਲੀ ਵਾਪਸ ਆਉਂਦਾ ਹੈ। ਤੇ ਕਹਿੰਦਾ ਚਾਬੀ ਉਸ ਦੀ ਪਤਨੀ ਕੋਲ ਹੈ ਉਸ ਨੂੰ ਜਗਾਉਣ ਦਿਓ।

*** ਰਾਮ ਰਤਨੀ ਦਾ ਘਰ ਆਉਣਾ :→** ਰਾਮ ਰਤਨੀ ਘਰ ਜੁਆਰੀਏ ਤੇ ਸ਼ਾਮ ਦਾਸ ਨੂੰ ਦੇਖਦੀ ਹੈ ਉਹ ਵੇਖਦੀ ਹੈ ਕਿ ਇੱਕ ਜੁਆਰੀਆ ਪਾਂਧੇ ਦਾ ਪੁੱਤਰ ਹੈ। ਉਹ ਉਸ ਨੂੰ ਕਹਿੰਦੀ ਹੈ ਉਸ ਨੇ ਆਪਣੇ ਕੁਲ ਨੂੰ ਕਲੰਕ ਲਗਾ ਦਿੱਤਾ ਹੈ। ਪਿਉ ਦਾਨ ਲੈ ਕੇ ਕਮਾ ਗਿਆ ਹੈ ਤੇ ਉਸਦਾ ਪੁੱਤਰ ਜੂਆ ਖੇਡ ਕੇ। ਉਹ ਦੋਹਾਂ ਜੁਆਰੀਆਂ ਨੂੰ ਦਫ਼ਾ ਹੋਣ ਨੂੰ ਕਹਿੰਦੀ ਹੈ। ਦਾਨ ਲੈਣ ਵਾਲੇ ਵੀ ਕਪਟੀ ਹੁੰਦੇ ਹਨ। ਤੇ ਸ਼ਾਮ ਦਾਸ ਦੇ ਕਹਿਣ ਤੇ ਦੋਵੇ ਉੱਥੋਂ ਚਲੇ ਜਾਂਦੇ ਹਨ।

**ਸ਼ਾਮ ਦਾਸ ਦਾ ਰਾਮ ਭਜਨੀ ਤੇ ਗੁੱਸਾ ਕਰਨਾ** :→ ਰਾਮ ਭਜਨੀ ਜਦੋਂ ਪਤੀ ਨੂੰ ਦੱਸਦੀ ਹੈ ਕਿ ਉਸ ਨੇ ਸਭ ਕੁਝ ਰਾਮ ਦੇ ਨਾਮ ਤੇ ਦਾਨ ਕਰ ਦਿੱਤਾ ਹੈ। ਉਸ ਦਾ ਪਤੀ ਬਹੁਤ ਗੁੱਸੇ ਵਿੱਚ ਆ ਜਾਂਦਾ ਹੈ। ਉਸ ਨੂੰ ਗਿੱਚੀ ਤੋਂ ਫੜ ਕੇ ਮਾਰ ਦੇਣ ਦੀ ਧਮਕੀ ਦਿੰਦਾ ਹੈ। ਉਹ ਕਹਿੰਦਾ ਹੈ ਉਸ ਨੇ ਉਸ ਦਾ ਸਭ ਕੁਝ ਬਰਬਾਦ ਕਰ ਦਿੱਤਾ ਹੈ। ਰਾਮ ਭਜਨੀ ਕਹਿੰਦੀ ਹੈ ਉਸ ਨੇ ਸਭ ਕੁਝ ਰਾਮ ਦੇ ਨਾਮ ਤੇ ਦਾਨ ਕੀਤਾ ਹੈ ਨਾ ਸ਼ਰਾਬ ਦੇ ਮੂੰਹ ਤੇ ਨਾ ਜੂਏ ਦੇ ਮੂੰਹ ਲਗਾਇਆ। ਸ਼ਾਮ ਦਾਸ ਨੂੰ ਬਹੁਤ ਗੁੱਸਾ ਆਉਂਦਾ ਹੈ।

**ਰਾਮ ਭਜਨੀ ਦਾ ਘਰ ਛੱਡ ਜਾਣਾ** :→ ਸ਼ਾਮ ਦਾਸ ਬੇਬੇ ਰਾਮ ਭਜਨੀ ਨੂੰ ਉਸ ਦੀਆਂ ਨਜ਼ਰਾਂ ਤੋਂ ਦੂਰ ਹੋਣ ਨੂੰ ਕਹਿੰਦਾ ਹੈ। ਫਿਰ ਰਾਮ ਭਜਨੀ ਗੁੱਸੇ ਵਿੱਚ ਉਸ ਨੂੰ ਛੱਡ ਕੇ ਘਰ ਤੋਂ ਚਲੀ ਜਾਂਦੀ ਹੈ। ਫਿਰ ਸ਼ਾਮ ਦਾਸ ਕਹਿੰਦਾ ਹੈ ਉਹ ਹਰ ਪਾਸਿਓਂ ਲੁੱਟਿਆ ਗਿਆ ਹੈ। ਉਹ 'ਹਾਏ ਰਾਮ' 'ਹਾਏ ਰਾਮ' ਕਰਦਾ ਹੈ।

**ਸਾਰੰਸ਼** :→ ਇਸ ਇਕਾਂਗੀ ਵਿੱਚ ਦਾਨ ਦੇ ਮਹੱਤਵ ਦੀ ਗੱਲ ਕੀਤੀ ਹੈ। ਲੇਖਕ ਨੇ ਦਾਨ ਪੁੰਨ ਨਾਲ ਜੁੜੇ ਹੋਏ ਢੰਗਿਆਂ ਰਾਹੀਂ ਸਵਾਰਥ ਪੂਰਾ ਕਰਨ ਵਾਲੇ ਅਨਸਰਾਂ ਦਾ ਪਾਜ ਖੋਲ੍ਹਿਆ ਹੈ। ਧਰਮ ਦੇ ਰਖਵਾਲੇ ਸਾਧ ਸੰਤ ਤੇ ਪੰਡਿਤ ਆਪਣੀਆਂ ਪਾਖੰਡੀ ਰਸਮਾਂ ਦੇ ਸਹਾਰੇ ਕਮਜ਼ੋਰ ਕੁਕਰਮੀ ਇਨਸਾਨਾਂ ਰਾਹੀਂ ਆਪਣਾ ਢਿੱਡ ਭਰਦੇ ਹਨ।